General

**ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**
(1961 ਦੇ ਪੰਜਾਬ ਐਕਟ ਨੰਬਰ 35 ਅਧੀਨ ਸਥਾਪਤ)

ਨੰਬਰ 1139
ਮਿਤੀ 29/11/23

## ਦਫਤਰੀ ਆਦੇਸ਼

ਵਾਈਸ ਚਾਂਸਲਰ ਸਾਹਿਬ ਵੱਲੋ ਦਿੱਤੇ ਆਦੇਸ਼ਾ ਅਨੁਸਾਰ ਆਪ ਜੀ ਨੂੰ ਸੈਂਟਰ ਵਿਖੇ ਚਲ ਰਹੇ ਕੋਰਸ ਵਿਚ ਮਨੋਵਿਗਿਆਨ ਵਿਸ਼ੇ ਨਾਲ ਸਬੰਧਤ ਕੋਰਸ ਲਈ ਸੈਸ਼ਨ 2023-24 ਤੋਂ ਗੈਸਟ ਫੈਕਲਟੀ ਵੱਜੋਂ ਨਿਯੁਕਤ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

29/11/2023
ਡਾਇਰੈਕਟਰ(ਸੀ.ਡੀ.ਓ.ਈ.)

ਡਾ. ਸੁਖਮਿੰਦਰ ਕੌਰ
ਐਸੋਸੀਏਟ ਪ੍ਰੋਫੈਸਰ
ਮਨੋਵਿਗਿਆਨ ਵਿਭਾਗ

**English Version**

**Office Order**

**As per the orders of the Vice-Chancellor you have been appointed as Guest Faculty for session 2023-24 for teaching Psychology subject in course in the Centre.**

29/11/2023
Director(CDOE)

Dr. Sukhminder Kaur
Associate Professor
Department of Psychology

Accepted and noted. ਨੋਟ ਕੀਤਾ ਜੀ।
ਸੁਖਮਿੰਦਰ ਕੌਰ ਸੁਖਮਿੰਦਰ ਕੌਰ
29.11.23

# Centre for Distance and Online Education

Punjabi University, Patiala

(Established under the Punjab Act No. 35 of 1961)

ਨੰਬਰ...1128/ਜੀ.ਡੀ.ਓ.ਈ.

ਮਿਤੀ..28/11/2023

ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਵਿਖੇ ਚਲਾਏ ਜਾ ਰਹੇ ਕੋਰਸਾਂ ਵਿਚ ਮਨੋਵਿਗਿਆਨ (Psychology) ਵਿਸ਼ੇ ਨਾਲ ਸਬੰਧਤ ਸੈਸ਼ਨ 2023-24 ਲਈ **ਮਨੋਵਿਗਿਆਨ ਵਿਭਾਗ ਦੇ ਡਾ. ਸੁਖਮਿੰਦਰ ਕੌਰ, ਐਸੋਸੀਏਟ ਪ੍ਰੋਫੈਸਰ ਨੂੰ ਗੈਸਟ ਫੈਕਲਟੀ ਵਜੋਂ ਨਿਯੁਕਤ ਕਰਨ** ਦੀ ਪ੍ਰਵਾਨਗੀ ਦੇਣ ਦੀ ਕ੍ਰਿਪਾਲਤਾ ਕਰਨਾ ਜੀ।

*Kindly allow and approve the appointment of Dr. Sukhminder Kaur, Associate Professor of Psychology Department as Guest Faculty for teaching Psychology subject in Centre for Distance and Online Education for session 2023-24.*

28/11/2023

ਡਾਇਰੈਕਟਰ (ਸੀ.ਡੀ.ਓ.ਈ.)

*Director (C.D.O.E)*

28/11/23

ਡੀਨ, ਅਕਾਦਮਿਕ ਮਾਮਲੇ

*Dean Academic Affairs*

ਵਾਈਸ-ਚਾਂਸਲਰ ਸਾਹਿਬ

*Vice-Chancellor*

28/11/23

DAA

28/11/23

Director (CDOE)

ਕੋਈ ਸਫ਼ਰੀ ਭੱਤਾ ਨਹੀਂ ਮਿਲੇਗਾ।

## ਪੰਜਾਬੀ ਯੂਨੀਵਰਸਿਟੀ ਪਟਿਆਲਾ

ਨੰ:......34582......./ਅਮਲਾ/ਸ-4
ਮਿਤੀ:......15/12/06......

ਡਾ. ਸੁਖਮਿੰਦਰ ਕੌਰ,
ਸਪੁੱਤਰੀ ਸ੍ਰੀ ਰਾਮ ਸਿੰਘ,
ਐਚ.ਆਈ.ਜੀ.-704,
ਅਰਬਨ ਅਸਟੇਟ,ਫੇਜ਼-1,
ਪਟਿਆਲਾ।

ਵਿਸ਼ਾ: **ਨਿਯੁਕਤੀ ਪੱਤਰ ।**

ਸ੍ਰੀਮਤੀ ਜੀ,

ਚੋਣ ਕਮੇਟੀ ਮਿਤੀ 8-12-2006 ਦੀਆਂ ਸਿਫਾਰਸ਼ਾਂ ਤੇ ਵਾਈਸ ਚਾਂਸਲਰ ਸਾਹਿਬ ਨੇ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ਵਿਚ ਤੁਹਾਨੂੰ ਸਾਈਕਾਲੋਜੀ ਵਿਭਾਗ ਵਿਖੇ ਲੈਕਚਰਾਰ ਦੀ ਆਸਾਮੀ ਤੇ ਨਿਯੁਕਤ ਕਰਨ ਦੀ ਪ੍ਰਵਾਨਗੀ ਦਿੱਤੀ ਹੈ। ਇਹ ਨਿਯੁਕਤੀ ਹੇਠ ਲਿਖੀਆਂ ਸ਼ਰਤਾਂ ਤੇ ਹੋਵੇਗੀ : -

1. ਇਸ ਆਸਾਮੀ ਦਾ ਤਨਖਾਹ ਸਕੇਲ 8000-275-13500 ਰੁਪਏ ਹੈ।
2. ਉਕਤ ਤਨਖਾਹ ਸਕੇਲ ਵਿੱਚ ਤੁਹਾਡੀ ਆਰੰਭਕ ਤਨਖਾਹ 8000/- ਰੁਪਏ ਹੋਵੇਗੀ।
3. ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵਲੋਂ ਗ੍ਰੇਡ ਸੋਧੇ ਜਾਣ ਸਬੰਧੀ ਨਿਰਧਾਰਿਤ ਕੀਤੀਆਂ ਸ਼ਰਤਾਂ ਤੁਹਾਡੀ ਨਿਯੁਕਤੀ ਉਤੇ ਲਾਗੂ ਹੋਣਗੀਆਂ।
4. ਇਹ ਨਿਯੁਕਤੀ ਦੋ ਸਾਲ ਦੇ ਪ੍ਰੋਬੇਸ਼ਨ ਤੇ ਹੋਵੇਗੀ। ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੁਆਰਾ ਨਿਰਧਾਰਿਤ ਕੀਤੀਆਂ ਜਾਣ ਵਾਲੀਆਂ ਗਾਈਡਲਾਈਨਜ਼ ਦੇ ਆਧਾਰ ਤੇ ਪ੍ਰੋਬੇਸ਼ਨ ਦੇ ਸਮੇਂ ਵਿੱਚ ਵਾਧਾ ਕੀਤਾ ਜਾ ਸਕੇਗਾ।
5. ਯੂਨੀਵਰਸਿਟੀ ਸੇਵਾ ਵਿੱਚ ਹਾਜ਼ਰ ਹੋਣ ਲਈ ਤੁਹਾਨੂੰ ਕੋਈ ਸਫ਼ਰੀ ਭੱਤਾ ਨਹੀਂ ਮਿਲੇਗਾ।
6. ਜਿਸ ਸੰਸਥਾ/ ਦਫ਼ਤਰ ਵਿੱਚ ਤੁਸੀ ਹੁਣ ਕੰਮ ਕਰ ਰਹੇ ਹੋ, ਉਥੋਂ ਦੀ ਵਰਤਮਾਨ ਆਸਾਮੀ ਸਬੰਧੀ ਕਿਸੇ ਵੀ ਪ੍ਰਕਾਰ ਦੇ ਲੈਣ ਦੇਣ ਦੀ ਯੂਨੀਵਰਸਿਟੀ ਦੀ ਕੋਈ ਜਿੰਮੇਵਾਰੀ (Liability) ਨਹੀਂ ਹੋਵੇਗੀ।
7. ਇਹ ਨਿਯੁਕਤੀ ਤੁਹਾਡੇ ਚਾਲ ਚਲਣ ਦੇ ਤਸੱਲੀਬਖਸ਼ ਹੋਣ ਬਾਰੇ (Subject to verification of your antecedents) ਸਬੰਧਤ ਵਿਭਾਗ ਤੋਂ ਰਿਪੋਰਟ ਆਉਣ ਦੇ ਆਧਾਰ ਤੇ ਹੋਵੇਗੀ। ਜੇਕਰ ਤੁਹਾਡਾ ਚਾਲ ਚਲਣ ਤਸੱਲੀਬਖਸ਼ ਨਾਂ ਹੋਇਆ ਤਾਂ ਤੁਹਾਡੀਆਂ ਸੇਵਾਵਾਂ ਬਿਨਾਂ ਕਿਸੇ ਨੋਟਿਸ ਦੇ ਮੁਕਤ ਕਰ ਦਿੱਤੀਆਂ ਜਾਣਗੀਆਂ। ਇਸ ਸਬੰਧੀ ਰਿਪੋਰਟ ਤਸਲੀਬਖਸ਼ ਆਉਣ ਉਪਰੰਤ ਇਹ ਨਿਯੁਕਤੀ ਦੋਹਾਂ ਧਿਰਾਂ ਵਲੋਂ ਤਿੰਨ ਮਹੀਨੇ ਦਾ ਨੋਟਿਸ ਦੇ ਕੇ ਖਤਮ ਕੀਤੀ ਜਾ ਸਕਦੀ ਹੈ। ਇਹਨਾਂ ਦੋਹਾਂ ਧਿਰਾਂ ਵਿਚੋਂ ਜੇ ਕੋਈ ਧਿਰ ਪਹਿਲਾਂ ਸੇਵਾਵਾਂ ਖਤਮ ਕਰਨੀਆਂ ਚਾਹੇ ਤਾਂ ਉਸ ਨੂੰ 3 ਮਹੀਨੇ ਦਾ ਨੋਟਿਸ ਜਾਂ ਇਸ ਵਜੋਂ ਤਿੰਨ ਮਹੀਨੇ ਦੀ ਤਨਖਾਹ ਜਾਂ ਹਾਲਾਤ ਅਨੁਸਾਰ ਨੋਟਿਸ ਪੀਰੀਅਡ ਦੇ ਘਟਦੇ ਸਮੇਂ ਦੀ ਤਨਖਾਹ ਦੇਣੀ ਪਵੇਗੀ।
8. ਵੱਖ ਵੱਖ ਵਿਭਾਗਾਂ ਦੇ ਕੰਮ ਤਹਿਤ ਤੁਹਾਨੂੰ ਯੂਨੀਵਰਸਿਟੀ ਵਲੋਂ ਪਟਿਆਲੇ ਤੋਂ ਬਾਹਰ ਚਲਾਏ ਜਾ ਰਹੇ ਕਿਸੇ ਵੀ ਵਿਭਾਗ ਆਦਿ ਵਿੱਚ ਪੋਸਟ ਕੀਤਾ ਜਾ ਸਕਦਾ ਹੈ।
9. ਤੁਹਾਨੂੰ ਮਕਾਨ ਕਿਰਾਇਆ ਅਤੇ ਮਹਿੰਗਾਈ ਭੱਤਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲੇਗਾ।
10. ਹਾਜ਼ਰ ਹੋਣ ਤੋਂ ਪਹਿਲਾਂ ਤੁਹਾਨੂੰ ਯੂਨੀਵਰਸਿਟੀ ਦੇ ਸੀਨੀਅਰ ਮੈਡੀਕਲ ਅਫਸਰ ਪਾਸੋਂ ਮੈਡੀਕਲ ਫਿਟਨੈਸ ਸਰਟੀਫਿਕੇਟ ਲੈ ਕੇ ਪੇਸ਼ ਕਰਨਾ ਹੋਵੇਗਾ।
11. ਤੁਹਾਡੀ ਸੇਵਾ ਉਤੇ ਯੂਨੀਵਰਸਿਟੀ ਵਲੋਂ ਸਮੇਂ ਸਮੇ ਲਾਗੂ ਕੀਤੇ ਅਧਿਆਦੇਸ਼/ ਅਧਿਨਿਯਮ ਅਤੇ ਸੇਵਾ ਦੀਆਂ ਸ਼ਰਤਾਂ ਲਾਗੂ ਹੋਣਗੀਆਂ।
12. ਤੁਹਾਡੇ ਵਲੋਂ ਐਮ.ਫਿਲ/ਪੀ.ਐਚ.ਡੀ. ਦੀ ਡਿਗਰੀ ਮੂਲ ਰੂਪ ਵਿਚ ਪੇਸ਼ ਕਰਨ ਤੇ ਤੁਹਾਨੂੰ ਨਿਯਮਾਂ ਅਨੁਸਾਰ 2/4 ਅਗੇਤੀਆਂ ਤਰੱਕੀਆਂ ਦਾ ਲਾਭ ਦਿੱਤਾ ਜਾਵੇਗਾ।

ਜੇਕਰ ਆਪ ਉਪਰੋਕਤ ਸ਼ਰਤਾਂ ਤੇ ਇਹ ਆਸਾਮੀ ਪ੍ਰਵਾਨ ਕਰਨ ਲਈ ਤਿਆਰ ਹੋ ਤਾਂ ਮਿਤੀ 21-12-2006 ਤੱਕ ਆਪਣੀ ਲਿਖਤੀ ਤੌਰ ਤੇ ਸਹਿਮਤੀ ਭੇਜਣੀ ਅਤੇ ਮਿਤੀ 4-1-2007 ਮੁੱਖੀ, ਸਾਈਕਾਲੋਜੀ ਵਿਭਾਗ ਵਿਖੇ ਹਾਜ਼ਰੀ ਰਿਪੋਰਟ ਦੇਣੀ ਨਹੀਂ ਤਾਂ ਤੁਹਾਡੀ ਨਿਯੁਕਤੀ ਮਨਸੂਖ ਸਮਝੀ ਜਾਵੇਗੀ।

ਵਿਸ਼ਵਾਸਪਾਤਰ

ਰਜਿਸਟਰਾਰ

ਨੱਥੀ: **ਵੈਰੀਫਿਕੇਸ਼ਨ ਫਾਰਮ**

ਉਤਾਰਾ:

1. **ਮੁੱਖੀ, ਸਾਈਕਾਲੋਜੀ ਵਿਭਾਗ**
2. **ਵਿੱਤ ਅਫਸਰ**
3. **ਸੀਨੀਅਰ ਮੈਡੀਕਲ ਅਫਸਰ**

Regd. No. 324-GCW(P)88 Roll No. 1125

# Punjabi University

## Doctor of Philosophy

Certified that Sukhminder Kaur, ~~son~~/daughter of Shri Ram Singh, and of the Punjab State, has this day been admitted by the Syndicate in the degree of

Doctor of Philosophy

in

"Behavioral Medicine in Hypertension: A Study of Type A and B Individuals."

in the faculty of

Arts & Social Sciences

Given under the seal of the University

REGISTRAR CHANCELLOR VICE-CHANCELLOR

Patiala MARCH 17 ~~199~~ 2001